ਕੀ ਅਸੀ ਸਿੱਖ, ਸਿੱਖੀ ਅਨੁਸਾਰ ਚਲਦੇ ਹਾਂ ?

ਸਾਡੇ ਗੁਰੂ ਸਾਹਿਬਾਨ ਨੇ ਅਪਣਾ ਸਾਰਾ ਜੀਵਨ ਸਾਨੂੰ ਚੰਗਾ ਬਣਾਉਣ, ਸੁਚੱਜਾ ਜੀਵਨ ਜਿਊਣ ਦੀ ਜਾਚ ਸਿਖਾਉਣ 'ਤੇ ਲਾ ਦਿਤਾ। ਉਨ੍ਹਾਂ ਨੇ ਅਨੇਕਾਂ ਕਰਮ ਕਾਂਡਾਂ ਤੇ ਪਖੰਡਾ ਤੋਂ ਦੂਰ ਰਹਿ ਕੇ, ਕੇਵਲ ਉਸ ਇਕ ਨਿਰਾਕਾਰ ਅਕਾਲ ਪੁਰਖ ਨਾਲ ਜੁੜਨ ਲਈ ਕਿਹਾ ਪਰ ਅਫ਼ਸੋਸ ਗੁਰਬਾਣੀ ਦਾ ਉਹਨਾ ਤੇ ਮਹਾਨ ਫ਼ਲਸਫ਼ਾ ਹੋਣ ਦੇ ਬਾਵਜੂਦ, ਅਸੀ ਸਿੰਘ ਇਸ ਤੋਂ ਮੂੰਹ ਫੇਰ ਕੇ, ਸਿੱਖੀ ਨੂੰ ਬੇਦਾਵਾ ਦੇਈ ਬੈਠੇ ਹਾਂ। ਅਸੀ ਗੁਰਬਾਣੀ ਤੇ ਮਹਾਨ ਸਿੱਖੀ ਨੂੰ ਸਿਰਫ਼ ਦਿਖਾਵੇ ਤਕ ਹੀ ਸੀਮਤ ਕਰ ਲਿਆ ਹੈ। ਅੱਜ ਦਾ ਸਿੱਖ ਗੁਰਬਾਣੀ ਤੋਂ ਮੁਨਕਰ ਹੋ ਕੇ ਉਸ ਪਾਸੇ ਵਲ ਤੁਰ ਪਿਆ ਹੈ ਜਿਹੜੇ ਰਸਤਿਉਂ ਗੁਰੂ ਸਾਹਿਬਾਨ ਨੇ ਸਾਨੂੰ ਵਰਜਿਆ ਸੀ। ਦੁਨੀਆਂ ਭਰ ਵਿਚ ਪ੍ਰਚਾਰੀ ਜਾਣ ਵਾਲੀ ਗੁਰਬਾਣੀ ਨੂੰ ਸਿੱਖਾਂ ਨੇ ਗੁਮਾਲਿਆਂ ਵਿਚ ਲਪੇਟ ਕੇ ਰੋਪ ਦਿਤਾ ਹੈ ਤੇ ਖੁਦ ਵੀ ਇਸ ਤੋਂ ਮੁਨਕਰ ਹੋਈ ਬੈਠੇ ਹਨ।

ਬਾਬੇ ਨਾਨਕ ਦੇ ਨਾਮ ਨਾਲ ਆਪੋ ਬਣਾਏ ਮਾਸ ਧਾਰਮਕ ਸਥਾਨਾਂ 'ਤੇ ਅੱਜ ਤੇਰਾ ਰਤਨ ਪਾਠ, ਇਕੱਤਰੀਆਂ, ਲੜੀਆਂ, ਤੁਕ ਤੁਕ ਦੇ ਪਾਠ, ਸਪਟ ਪਾਠ ਤੇ ਮੋਨ ਪਾਠ ਚਲ ਰਹੇ ਹਨ। ਸੰਗਤ ਆਉਂਦੀ ਹੈ, ਬੈਠਦੀ ਹੈ ਪਰ ਪਾਠੀ ਸਿਘ ਮੂੰਹ-ਸਿਰ ਲਪੇਟ ਕੇ ਪਾਠ ਕਰ ਰਿਹਾ ਹੁੰਦਾ ਹੈ। ਕੋਈ ਪੁਛਣ ਵਾਲਾ ਹੋਵੇ ਕਿ ਜਿਹੜੀ ਸੰਗਤ ਗੁਰਬਾਣੀ ਸਰਵਣ ਕਰਨ ਬੈਠੀ ਹੈ, ਉਸ ਦੇ ਪੰਲੇ ਕੀ ਪੈ ਰਿਹਾ ਹੈ? ਸਿੱਖ ਰਹਿਤ ਮਰਯਾਦਾ ਤਾਂ ਕਹਿਂਦੀ ਹੈ ਕਿ ਪਾਠ ਖੁਦ ਕਰੋ ਜਾਂ ਬੈਠ ਕੇ ਸਰਵਣ ਕਰੋ ਪਰ ਸਾਡੇ ਗੁਰੂ ਘਰਾਂ ਵਿਚ ਕਈ ਕਈ ਮਹੀਨੇ ਪਹਿਲਾਂ ਹੀ ਪਾਠਾਂ ਦੀ ਬੁਕਿੰਗ ਹੋ ਰਹੀ ਹੈ। ਪਾਠ ਕਿਸ ਥਾਂ ਹੋ ਰਿਹਾ ਹੈ ਤੇ ਪਾਠ ਕਰਾਉਣ ਵਾਲਾ ਹਾਜ਼ਰ ਹੈ ਜਾਂ ਨਹੀਂ, ਕੋਈ ਡਰਕ ਨਹੀਂ ਪੈਂਦਾ। ਹਾਂ...., ਸਮਾਪਤੀ ਮੌਕੇ ਹੁਕਮਨਾਮਾ ਗੁਰਦਵਾਰੇ ਦੇ ਲੈਟਰਪੈਡ 'ਤੇ ਲਿਖ ਕੇ ਭੇਜ ਦਿਤਾ ਜਾਂਦਾ ਹੈ ਜਿਵੇਂ ਇਹ ਹੁਕਮਨਾਮਾ ਹੀ ਸਾਰੇ ਪਾਠ ਦਾ ਫੋਲ ਹੋਵੇ। ਅੰਜਲਬ ਤਾਂ ਪਾਠਾਂ ਦੀ ਬੁਕਿੰਗ ਵੀ ਬਹੁਤ ਮਹਿੰਗੀ ਹੋ ਗਈ ਹੈ। ਜਲਦੀ ਪਾਠ ਕਰਾਉਣ ਦੀ ਰੀਟਾ ਵੌਡੀ ਤੇ ਸਪੋਸ਼ਲ ਹੈ ਕਿਉਂਕਿ ਸਿੱਖ ਅਮੀਰ ਹੀ ਏਨੇ ਹੋ ਗਏ ਹਨ ਕਿ ਉਨ੍ਹਾਂ ਕੋਲ ਬੈਠ ਕੇ ਗੁਰਬਾਣੀ ਸੁਣਨ ਦਾ ਸਮਾਂ ਹੀ ਨਹੀਂ ਰਿਹਾ। ਦੂਜੇ ਪਾਸੇ ਗਰੀਬ ਤਾਂ ਸਿੱਖ ਗੁਰਦਵਾਰਿਆਂ 'ਚ ਪਾਠ ਕਰਾਉਣ ਬਾਰੇ ਸੋਚ ਵੀ ਨਹੀਂ ਸਕਦਾ।

ਗੁਰੂ ਨਾਨਕ ਦੀ ਵਾਰਸੋ! ਜਰਾ ਸੋਚੋ, ਵਿਚਾਰੋ ਕਿ ਜਿਹੜੇ ਕੰਮ ਤੋਂ ਗੁਰੂ ਸਾਹਿਬ ਨੇ ਸਾਨੂੰ ਰੋਕਿਆ ਸੀ, ਅੱਜ ਸਾਡੇ ਗੁਰਦਵਾਰਿਆਂ ਵਿਚ ਉਹੀ ਕੰਮ ਹੋ ਰਹੇ ਹਨ। ਇਹ ਕਾਢ ਤਾਂ ਅੱਜ ਦੇ ਸਿੱਖਾਂ ਦੀ ਹੈ ਜੋ ਧਰਮ ਦੇ ਨਾਂ 'ਤੇ ਪਖੰਡ ਤੇ ਢਕਵੰਜ ਕਰ ਕੇ ਮਾਇਆ ਇਕੱਠੀ ਕਰਨੀ ਜਾਣਦੇ ਹਨ।

ਅੱਜ ਸਾਡੀ ਸਿੱਖ ਕੌਮ ਕੋਲ ਰੋਲ ਮਾਡਲ ਧਾਰਮਕ ਤੇ ਰਾਜਨੀਤਕ ਆਗੂ ਨਹੀਂ ਹੈ ਜੋ ਕੁੰਝ ਸੰਞਾਣ ਸਕੇ ਅਤੇ ਜਿਸ 'ਤੇ ਅਸੀ ਮਾਣ ਕਰ ਸਕੀਏ। ਪੰਜਾਬ ਦੀ ਨੌਜਵਾਨੀ ਸਿੱਖੀ ਤੋਂ ਕੋਹਾਂ ਦੂਰ ਜਾ ਰਹੀ ਹੈ। ਇਸ ਤੋਂ ਜਿਹੜੇ ਮਰਜ਼ੀ ਪਾਸੇ ਚਲੇ ਜਾਉ, ਘੋਨ-ਮੋਨ ਤੇ ਪਤਿਤ ਸਿੱਖ ਵੱਧ ਮਿਲਣਗੇ। ਕੰਨਾਂ ਵਿਚ ਨੌਤੀਆਂ ਪਾਉਣ ਵਾਲੇ ਘੋਨੇ-ਮੋਨੇ ਗੇਰਖਨਾਥ ਦੇ ਚੇਲੇ ਤਾਂ ਕਦੇ ਜਾ ਸਕਦੇ ਹਨ, ਪਰ ਬਾਬੇ ਨਾਨਕ ਦੇ ਸਿਖ ਬਿਲਕੁਲ ਵਖੀ ਨਹੀਂ। ਹੋਰ ਤਾਂ ਉਦੋਂ ਹੋ ਜਾਂਦੀ ਹੈ, ਜਦੋਂ ਧਾਰਮਕ ਆਗੂਆਂ, ਜਥੇਦਾਰਾਂ, ਇਥੋਂ ਤਕ ਕਿ ਬ੍ਰੰਮਣੀ ਕਮੇਟੀ ਮੰਬਰਾਂ ਦੇ ਬੋਚੇ ਕੀ ਪਤਿਤ ਰੂਪ ਵਿਚ ਮਿਲਦੇ ਹਨ।

ਸਿੱਖ ਧਰਮ ਵਿਚ ਹੋਣ ਵਾਲੇ ਸਾਰੇ ਕਾਰਜਾਂ ਨੂੰ ਗੁਰੂ ਦੇ ਹੁਕਮ ਅਨੁਸਾਰ ਬਹੁਤ ਹੀ ਸਿਮਰ ਤੇ ਸਾਦਗੀ ਨਾਲ ਕਰਨ ਦੀ ਪ੍ਰੰਪਰਾ ਹੈ ਪਰ ਸਿੱਖਾਂ ਦੇ ਕਾਰਜਾਂ ਵਿਚ ਕੀ ਕੁੰਝ ਹੋ ਰਿਹਾ ਹੈ, ਉਹ ਕਿਸੇ ਤੋਂ ਵੀ ਲੁਕਿਆ-ਛੁਪਿਆ ਨਹੀਂ ਹੈ। ਘਰ ਵਿਚ ਬੌਚਾ ਜੰਮਣ ਦੀ ਪਹਿਲੀ ਖੁਸ਼ੀ ਜ਼ਿਆਦਾਤਰ ਸਿੱਖਾਂ ਦੇ ਘਰ ਸ਼ਰਾਬ ਨਾਲ ਹੀ ਸ਼ੁਰੂ ਹੁੰਦੀ ਹੈ। ਘਰ ਵਿਚ ਲੜਕਾ ਪੈਦਾ ਹੋਣ 'ਤੇ ਰਿਸ਼ਤੇਦਾਰਾਂ ਤੇ ਸ਼ਰੀਕੇ ਨੂੰ ਰੌਣ ਕੇ ਦਾਰੂ ਪਿਲਾਈ ਜਾਂਦੀ ਹੈ। ਜੇ ਕਿਸੇ ਨੇ ਘਰ ਵਿਚ ਪਾਠ ਵੀ ਪ੍ਰਕਾਸ਼ ਕਰਵਾਇਆ ਹੈ ਤਾਂ ਭੋਗ ਦੀ ਸਮਾਪਤੀ ਤੋਂ ਬਾਅਦ ਜੋ ਰੋਟੀ ਪਾਣੀ ਵਰਤਾਇਆ ਜਾ ਰਿਹਾ ਹੁੰਦਾ, ਕਈ ਵਾਰ ਤਾਂ ਉਸ ਨੂੰ ਲੰਗਰ ਕਹਿਣਾ ਵੀ ਸਹਿਆਂ ਜਾਂਦਾ ਹੈ। ਹੁਣ ਤਾਂ ਮੁਤਕ ਪ੍ਰਾਣੀਂ ਦੇ ਭੋਗ ਵੀ ਸਿੱਖਾਂ ਨੇ ਬਿਆਹ-ਸ਼ਾਦੀ ਦੀ ਤਰ੍ਹਾਂ ਪਾਣੇ ਸ਼ੁਰੂ ਕਰ ਦਿਤੇ ਹਨ। ਮੁਤਕ ਦੇ ਭੋਗ ਸਮੇਂ ਵੌਡੇ-ਵੌਡੇ ਸ਼ਾਮਿਆਨੇ ਟੈਂਟ, ਹਲਵਾਈ ਲਾ ਕੇ ਤਰ੍ਹਾਂ-ਤਰ੍ਹਾਂ ਦੇ ਪਕਵਾਨ ਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਦਾ ਅੰਤ ਹੀ ਨਹੀਂ ਹੁੰਦਾ। ਸੰਗ ਖਾਣ ਪੀਣ 'ਚ ਮਸਤ ਹੁੰਦੇ ਹਨ। ਮੁਤਕ ਪ੍ਰਾਣੀ ਦੀ ਗੰਲ ਕੋਈ ਹੀ ਕਰਦਾ ਹੈ। ਜਦੋਂ ਗ੍ਰੰਥੀ ਅਨੰਦ ਸਾਹਿਬ ਦਾ ਪਾਠ ਕਰਦਾ ਹੈ, ਉਦੋਂ ਸਾਰੇ ਮੰਥਾ ਟੇਕਣ ਪਹੁੰਚ ਜਾਂਦੇ ਹਨ। ਫਿਰ ਸ਼ਰਧਾਂਜਲੀਆਂ ਦਾ ਦੌਰ ਸ਼ੁਰੂ ਹੁੰਦਾ ਹੈ। ਮਰਨ ਵਾਲਾ ਚਾਹੇ ਕਿੰਨਾ ਹੀ ਨਸ਼ਈ ਜਾਂ ਸ਼ਰਾਬੀ ਹੋਵੇ, ਰਾਗੀ ਤੇ ਪਾਠੀ ਇੰਟ ਹੀ ਗੁਰਮੁਖਤਾ ਵਾਲਾ ਸਰਟੀਫੀਕੇਟ ਦੇ ਦਿੰਦੇ ਹਨ। ਇਹ ਗੰਲਾਂ ਸਾਡੇ ਸਿੱਖਾਂ ਦੇ ਘਰਾਂ ਦੀਆਂ ਹਨ।

ਇਥੇ ਜੋ ਸਿੱਖਾਂ ਦੇ ਵਿਆਹ-ਸ਼ਾਦੀਆਂ ਦੀ ਗੰਲ ਨਾ ਕਰੀਏ ਤਾਂ ਲੇਖ ਅਧੂਰਾ ਹੀ ਰਹੇਗਾ। ਜੇ ਕੰਮ ਅਤਿ ਸਾਦਗੀ ਨਾਲ ਕਰਨ ਵਾਲਾ ਸੀ, ਉਸ ਨੂੰ ਸਿੱਖਾਂ ਨੇ ਅਤਿ ਮਹਿੰਗਾ ਕਰ ਦਿਤਾ ਹੈ। ਅੱਜ ਕੋਈ ਵੀ ਗੁਰਮੁਖ ਸਾਦਗੀ ਨਾਲ ਵਿਆਹ ਨਹੀਂ ਕਰਦਾ ਜਾਂ ਇਉਂ ਕਹਿ ਲਈਏ ਕਿ ਸਾਡੇ ਵਿਆਹ ਪੈਲਸ ਤੋਂ ਬਿਨਾਂ ਹੁੰਦੇ ਹੀ ਨਹੀਂ। ਇਥੇ ਦਾਜ ਵਿਚਲੇ ਸਮਾਨ ਦੀ ਗੰਲ ਨਾ ਕਰੀਏ ਤਾਂ ਚੰਗਾ ਹੀ ਰਹੇਗਾ ਕਿਉਂਕਿ ਜਿਵੇਂ ਸਾਡੇ ਵਿਆਹਾਂ ਦੀ ਸੌਦੇਬਾਜ਼ੀ ਹੁੰਦੀ ਹੈ, ਮੌਹਰੀ ਹਾਂ!

ਇਹ ਸਿੱਖ ਨੂੰ ਪਤਾ ਹੀ ਹੈ। ਪੋਲੀਸ 'ਚ ਬਾਰਾਤ ਹੀ ਬਾਰਾ ਵਜੇ ਪਹੁੰਚਦੀ ਹੈ। ਫਿਰ ਮਿਲਣੀ ਆਦਿ ਦੀਆਂ ਵਾਧੂ ਰਸਮਾਂ ਚਲਦੀਆਂ ਹਨ। ਨਵੇਂ ਬਣੇ ਸਮਦਾਨ ਨੂੰ ਸੋਨੇ ਦੇ ਕਤੇ ਤੇ ਮੁੰਦਰੀਆਂ ਨਾਲ ਸ਼ਿਗਾਰ ਦਿਤਾ ਜਾਂਦਾ ਹੈ। ਬੇਹੰਦ ਖਾਣ-ਪੀਣ ਦੇ ਪਕਵਾਨਾਂ ਦੇ ਡੰਡਾਰ ਚਾਹ ਪਾਣੀ ਸਮੇਂ ਹੀ ਵਰਤਾਏ ਜਾਂਦੇ ਹਨ। ਪਹਿਲਾਂ ਤਾਂ ਸਿਗਫ਼ ਮ੍ਰਿਤਕ ਭੋਗ ਦੀ ਅਰਦਾਸ ਦੇ ਵਖੇ ਤਕ ਹੁੰਦੀ ਸੀ, ਪਰ ਅੱਜ ਸਿੱਖਾਂ ਦੇ ਅਨੰਦ ਕਾਰਜਾਂ ਦੀ ਅਰਦਾਸ ਦੇ ਤਿੰਨ ਵਖੇ ਹੁੰਦੀ ਹੈ। ਪੋਲੰਝ 'ਚ ਨੰਗਾ ਨਾਚ ਭੀ ਜੇ. ਤੇ ਵਾਜਿਆਂ ਦੇ ਕੰਨ ਪਾੜਵੇਂ ਸ਼ੋਰ ਵਿਚ ਕੁੰਝ ਪਤਾ ਹੀ ਨਹੀਂ ਲਗਦਾ ਕਿ ਕੀ ਹੋ ਰਿਹਾ ਹੈ? ਇਥੇ ਸ਼ਰਾਬ ਇਸ ਤਰ੍ਹਾਂ ਵਰਤਾਈ ਜਾਂਦੀ ਹੈ ਜਿਵੇਂ ਛਬੀਲ ਮੌਕੇ ਰਾਹਗੀਰਾਂ ਨੂੰ ਯੌਕੇ ਨਾਲ ਪਾਣੀ ਪਿਲਾਇਆ ਜਾਂਦਾ ਹੈ। ਵਿਆਹ ਸਮੇਂ ਸ਼ਰਾਬੀ ਹੋਏ ਸਿੱਖਾਂ ਨੂੰ ਢੋਣ ਲਈ ਗੰਡੀਆਂ ਭਰ-ਭਰ ਆਉਂਦੀਆਂ ਹਨ। ਐਸ ਇਹ ਢੋਣਾ ਹਨ ਸਿੱਖਾਂ ਦੇ ਵਿਆਹ-ਸ਼ਾਦੀ ਸਮੇਂ ਮੁੱਖੀ ਮਨਾਉਣ ਦੇ।

ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਕਰਮ ਕਾਂਡਾਂ ਤੇ ਪਖੰਡਾਂ ਤੋਂ ਮੁਕਤ ਕੀਤਾ ਸੀ। ਗੁਰਬਾਣੀ 'ਚ ਥਾਂ-ਥਾਂ 'ਤੇ ਇਨ੍ਹਾਂ ਚੀਜ਼ਾਂ ਦਾ ਖੰਡਨ ਕੀਤਾ ਗਿਆ ਹੈ ਪਰ ਅਸੀ ਉਹੀ ਕੰਮ ਵੌਧ-ਚੜ੍ਹ ਕੇ ਕਰ ਰਹੇ ਹਾਂ ਜਿਨ੍ਹਾਂ ਤੋਂ ਸਾਨੂੰ ਰੋਕਿਆ ਗਿਆ ਹੈ। ਸਿੱਖਾਂ ਨੇ ਗੁਰੂ ਸੰਤ ਸਾਹਿਬ ਤੋਂ ਜਿਨਾਂ ਕਿਸੇ ਔਗੇ ਮੰਥਾ ਨਹੀਂ ਟੇਕਣਾ ਪਰ ਅਸੀ ਹਰ ਥਾਂ 'ਤੇ ਮੰਥੇ ਰਗੜਨ ਵਿਚ ਮਸਤ ਹੀ ਹਾਂ। ਪਖੰਡੀ ਡੇਰੇਦਾਰਾਂ ਦੇ ਡੇਰਿਆਂ 'ਚ ਜਾ ਕੇ ਮੰਟਾ ਰਗੜਾਂ ਚੜ੍ਹਾਉਂਦੇ ਹਾਂ। ਮਤ੍ਰੀਆਂ, ਕਬਰਾਂ ਪੂਜਦੇ ਹੀ ਨਹੀਂ, ਉਥੇ ਅਖੰਡ ਪਾਠ ਵੀ ਕਰਵਾਉਂਦੇ ਹਾਂ, ਜਠੇਰਿਆਂ ਦੇ ਸਥਾਨ ਬਣਾਉਂਦੇ ਹਾਂ, ਉਥੇ ਸਾਲਾਨਾ ਸਮਾਗਮ ਕਰਾਉਂਦੇ ਹਾਂ ਤੇ ਸਾਡੇ ਧਾਰਮਕ ਆਗੂ ਤੇ ਕਈ ਜਥੇਦਾਰ ਹਾਜ਼ਰੀਆਂ ਭਰ ਕੇ ਪ੍ਰਬੰਧਕਾਂ ਕੋਲੋਂ ਸਨਮਾਨ ਦੀ ਥਾਂ, ਮਾਇਆ ਵਾਲਾ ਲਿਫ਼ਾਫ਼ਾ ਪ੍ਰਾਪਤ ਕਰਦੇ ਹਨ। ਸਿਘ ਗ੍ਰੰਗਾ-ਮਾਤਾ 'ਤੇ ਸੰਞੀਆਂ ਦਾ ਮੱਥਾ ਟੇਕਦੇ ਹਨ, ਪੀਰਾਂ ਦੇ ਸਥਾਨ 'ਤੇ ਸਰ੍ਹੋਂ ਦੇ ਤੇਲ ਦੀਆਂ ਬੋਤਲਾਂ ਤੇ ਹਰੀਆਂ ਚਾਦਰਾਂ ਚੜ੍ਹਾਉਂਦੇ ਹਨ, ਪਹਾੜਾਂ ਵਾਲੀ ਮਾਤਾ ਦੇ ਗੰਡੀਆਂ ਭਰ-ਭਰ ਜਾਂਦੇ ਹਨ, ਪੁਰਨਮਾਸ਼ੀ ਬਾਬਾ ਵਡਭਾਗ ਸਿੰਘ ਦੇ ਡੇਰੇ ਮਨਾਉਂਦੇ ਹਨ, ਦੀਵਾਲੀ ਮੌਕੇ ਮਤ੍ਰੀਆਂ 'ਚ ਵੌਡੇ-ਵਡੇਰਿਆਂ ਦੀਆਂ ਜੋਤਾਂ ਬਾਲਦੇ ਹਨ, ਬੀਬੀਆਂ ਕਰਵਾ ਚੌਥ ਦਾ ਵਰਤ ਰਖਦੀਆਂ ਹਨ, ਪਾਂਡਿਆਂ-ਮੌਲਵੀਆਂ ਪਾਸੋਂ ਘਰ 'ਚ ਸੁੰਖ-ਸ਼ਾਂਤੀ ਦੇ ਨਾਮ 'ਤੇ ਲੌਟ ਕਰਾਉਂਦੀਆਂ ਹਨ, ਮੁੰਦੀਆਂ 'ਚ ਮਹਿਰੂ ਨਗ ਰਾਸ਼ੀਆਂ ਅਨੁਸਾਰ ਜੜਵਾਏ ਜਾਂਦੇ ਹਨ, ਮੰਗਲਵਾਰ ਨੂੰ ਨਾਰੀਅਲ ਜਲ ਪ੍ਰਵਾਹ ਕਰਦੇ ਤੇ ਹੋਰ ਬਹੁਤ ਕੁੰਝ ਕਰਦੇ ਹਨ। ਫਿਰ ਵੀ ਉਹ ਸਿੱਖ ਅਖਵਾਉਂਦੇ ਹਨ! ਪਰ ਕੀ ਗੁਰਬਾਣੀ ਨਾਲੋਂ ਟੂਟ ਕੇ, ਕਰਮ-ਕਾਂਡਾਂ ਨਾਲ ਜੁੜ ਕੇ ਅਸੀ ਸਿੱਖ ਕਹਾ ਸਕਦੇ ਹਾਂ? ਹਰਗਿਜ਼ ਨਹੀਂ!

ਸਿੱਖਾਂ ਦੀਆਂ ਰਹੁ ਰੀਤਾਂ, ਸਾਡੇ ਦਿਨ-ਤਿਉਹਾਰਾਂ ਆਦਿ ਨੂੰ ਵਖਰਾ ਦਰਸਾਉਣ ਲਈ ਗੁਰੂ ਦੇ ਇਕ ਸਿੱਖ ਨੇ ਮਿਹਨਤ ਕਰ ਕੇ ਸਿੱਖ ਕੈਲੰਡਰ 'ਨਾਨਕਸ਼ਾਹੀ ਕੈਲੰਡਰ' ਤਿਆਰ ਕੀਤਾ ਜੋ ਕਿ ਇਕ ਚੰਗਾ ਤੇ ਇਤਿਹਾਸਕ ਉਦਮ ਸੀ। ਪਰ ਹਿੰਦੂਤਵ ਦੀ ਝੋਲੀ ਪੈ ਚੁੱਕੇ ਸਿੱਖ ਆਗੂਆਂ ਤੇ ਕਈ ਰਾਜਨੀਤਕ ਆਗੂਆਂ ਨੂੰ ਇਹ ਵਖਰੀ ਗੰਲ ਪਸੰਦ ਨਾ ਆਈ। ਇਸ ਕੈਲੰਡਰ ਦਾ ਭੋਗ ਪਾਉਣ ਵਿਚ, ਖ਼ਾਸ ਕਰ ਕੇ ਸਿੱਖਾਂ ਨੇ ਹੀ ਮੁੱਖ ਭੂਮਿਕਾ ਨਿਭਾਈ ਤੇ ਫਿਰ ਵੀ ਅਸੀ ਸਿੱਖਾਂ ਹਾਂ!

ਸਿੱਖਾਂ ਦੀਆਂ ਰਹੁ ਰੀਤਾਂ, ਸਾਡੇ ਦਿਨ-ਤਿਉਹਾਰਾਂ ਆਦਿ ਨੂੰ ਵਖਰਾ ਦਰਸਾਉਣ ਲਈ ਗੁਰੂ ਦੇ ਇਕ ਸਿੱਖ ਨੇ ਮਿਹਨਤ ਕਰ ਕੇ ਸਿੱਖ ਕੈਲੰਡਰ 'ਨਾਨਕਸ਼ਾਹੀ ਕੈਲੰਡਰ' ਤਿਆਰ ਕੀਤਾ ਜੋ ਕਿ ਇਕ ਚੰਗਾ ਤੇ ਇਤਿਹਾਸਕ ਉਦਮ ਸੀ। ਪਰ ਹਿੰਦੂਤਵ ਦੀ ਝੋਲੀ ਪੈ ਚੁੱਕੇ ਸਿੱਖ ਆਗੂਆਂ ਤੇ ਕਈ ਰਾਜਨੀਤਕ ਆਗੂਆਂ ਨੂੰ ਇਹ ਵਖਰੀ ਗੰਲ ਪਸੰਦ ਨਾ ਆਈ। ਇਸ ਕੈਲੰਡਰ ਦਾ ਭੋਗ ਪਾਉਣ ਵਿਚ, ਖ਼ਾਸ ਕਰ ਕੇ ਸਿੱਖਾਂ ਨੇ ਹੀ ਮੁੱਖ ਭੂਮਿਕਾ ਨਿਭਾਈ ਤੇ ਫਿਰ ਵੀ ਅਸੀ ਸਿੱਖਾਂ ਹਾਂ!

ਇਸ ਵਿਚ ਕੋਈ ਸ਼ੱਕ ਨਹੀਂ ਕਿ ਮਹਾਨ ਗੁਰਬਾਣੀ ਤੇ ਮਹਾਨ ਸਿੱਖ ਇਤਿਹਾਸ ਨੂੰ ਪਛਣ ਸੁਣਨ ਤੋਂ ਦੂਰ ਹੋਏ ਜਾ ਰਹੇ ਹਨ। ਚੇਗੀਆਂ ਧਾਰਮਕ ਪੋਥੀਆਂ, ਇਤਿਹਾਸਕ ਕਿਤਾਬਾਂ ਤੇ ਚੰਗਾ ਸਾਹਿਤ ਸਾਡੇ ਘਰਾਂ 'ਚੋਂ ਗਾਇਬ ਹਨ। ਲਚਰ ਗਾਇਕੀ, ਗਿਲਮਾਂ ਤੇ ਨਾਟਕਾਂ ਨੂੰ ਅਪਣਾਇਆ ਜਾ ਰਿਹਾ ਹੈ। ਕਈ ਸਿੰਘ ਸਿਸਥਾਵਾਂ ਨੇ ਵੀ ਘੱਟ ਨਹੀਂ ਗੁਜ਼ਾਰੀ, ਦਸਮ-ਗ੍ਰੰਥ, ਗੁਰਬਿਲਾਸ ਪਾਤਿਤ. ਛੌਵੀਂ, ਹਿਦੀ ਵਿਚ ਸਿੱਖ ਇਤਿਹਾਸ ਨੂੰ ਗਲਤ ਰੰਗਤ ਨਾਲ ਛਾਪਿਆ ਗਿਆਂ। ਇਥੋਂ ਤਕ ਕਿ ਥੋਚਿਆਂ ਨੂੰ ਥੀ ਹੁਣ ਸਕੂਲਾਂ ਵਿਚ ਗਲਤ ਕਿਤਾਬਾਂ ਪੜ੍ਹਨ ਲਈ ਭੇਜਲੀਆਂ ਜਾ ਰਹੀਆਂ ਹਨ। ਦੂਜੇ ਪਾਸੇ ਜੇ ਕੋਈ ਚੰਗਾ ਪ੍ਰਚਾਰਕ, ਲਿਖਾਰੀ ਆਦਿ ਚੰਗੀਆਂ ਪ੍ਰਸ਼ਤਕਾਂ ਜਾਂ ਅਖ਼ਬਾਰਾਂ ਰਾਹੀਂ ਲਿਖਦਾ ਹੈ ਤਾਂ ਸ਼ੰਗ ਤੋਂ ਪਹਿਲਾਂ ਪ੍ਰਮੁੱਖ ਸਿੱਖ ਸੰਸਥਾਵਾਂ ਹੀ ਉਸ 'ਤੇ 295-ਏ ਧਾਰਾ ਦਾ ਪਰਚਾ ਦਰਜ ਕਰਵਾਉਂਦੀਆਂ ਹਨ। ਅੱਜ ਅਨੇਕਾਂ ਹੀ ਮਿਸਾਲਾਂ ਹਨ, ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ, ਪ੍ਰੋ. ਇੰਦਰ ਸਿੰਘ ਘੱਗਾ, ਸ. ਬਿਲੌਣ ਤੇ ਰੋਜ਼ਾਨਾ ਸਪੋਕਸਮੈਨ ਦੇ ਮੁੱਖ ਸੰਪਾਦਕ ਸ. ਜੋਗਿੰਦਰ ਸਿੰਘ ਵਿਰਹ ਇਹੀ ਧਾਰਾ ਹੀ ਤਾਂ ਵਰਤੀ ਗਈ ਹੈ। ਭਾਵੇਂ ਕਿ ਸਿੱਖ ਇਨ੍ਹਾਂ ਵਿਦਵਾਨਾਂ ਦਾ ਸਾਥ ਨਹੀਂ ਦਿੰਦੇ ਪਰ ਫਿਰ ਵੀ ਅਸੀ ਸਿੱਖ ਹਾਂ!!

ਬਲਬੀਰ ਸਿੰਘ ਬੱਬੀ

ਹੋਰ ਬਹੁਤ ਕੁੰਝ ਸਾਡੇ ਆਲੇ ਦੁਆਲੇ ਵਾਪਰ ਰਿਹਾ ਹੈ, ਜਿਸ ਦਾ ਸਿੱਖੀ ਵਿਚ ਜਿਲਕੁਲ ਵੀ ਸਥਾਨ ਨਹੀਂ ਹੈ। ਮੋਕੇ ਤਾਂ ਹਾਲੇ ਕੌਝ ਕੁ ਹੀ ਵਰਣਨ ਹੋਇਆ ਹੈ। ਸਾਨੂੰ ਤਾਂ ਸਿੱਖੀ ਸਿਦਕ ਤੇ ਸਿੱਖ ਇਤਿਹਾਸ 'ਤੇ ਮਾਣ ਹੋਣਾ ਚਾਹੀਦਾ ਸੀ। ਸਿੱਖੀ ਦਾ ਝੰਡਾ ਪੂਰੀ ਦੁਨੀਆਂ ਵਿਚ ਹੀ ਝੁਲਦਾ ਹੈ ਪਰ ਇਥੇ ਤਾਂ ਸੰਗ ਉਲਟ ਹੋ ਰਿਹਾ ਹੈ। ਸਾਡੇ ਪੰਜਾਬ ਵਿਚ ਹੀ ਸਿੱਖ ਸਿੱਖੀ ਨੂੰ ਖ਼ਤਮ ਕਰਨ ਲਈ ਮੋਰਚੇ ਲਾ ਰਿਹਾ ਹੈ। ਦੌਖ ਹੁੰਦਾ ਹੈ ਜਦੋਂ ਅੱਜ ਦੀ ਨੌਜਵਾਨੀ ਘੋਨ-ਮੋਨ ਹੋਈ ਨਸ਼ਿਆਂ 'ਚ ਗ਼ਲਤਾਨ ਹੁੰਦਾ ਹੈ! ਕੀ ਇਹੀ ਸਿੱਖੀ ਹੈ? ਸਮੇਂ ਦੀਆਂ ਹਾਕਮ ਸਰਕਾਰਾਂ ਨੂੰ ਤਾਂ ਅਪਣੇ ਵੋਟ ਬੈਂਕ ਦੀ ਚਿੰਤਾ ਹੈ, ਉਨ੍ਹਾਂ ਨੂੰ ਸਿੱਖੀ ਦੀ ਚਿੰਤਾ ਨਹੀਂ, ਨਾ ਹੀ ਉਨ੍ਹਾਂ ਨੇ ਕਰਨੀ ਹੈ ਕਿਉਂਕਿ ਜੇ ਮਹਾਨ ਸਿੱਖ ਸੰਕਲਪ ਨੂੰ ਜਿਲਾਂਜਲੀ ਦੇ ਕੇ ਵੋਟਾਂ ਤੇ ਕੁਰਸੀ ਤਕ ਹੀ ਸੀਮਤ ਹੋ ਜਾਵੇ, ਫਿਰ ਉਸ ਤੋਂ ਕੀ ਆਸ ਰੌਖੀ ਜਾ ਸਕਦੀ ਹੈ?

ਅੱਜ ਵਿਚ ਮੇਰੀ ਸਾਰੇ ਸਿੱਖਾਂ ਨੂੰ ਬੇਨਤੀ ਹੈ ਕਿ ਆਉ ਮਹਾਨ ਗੁਰਬਾਣੀ ਤੇ ਸਿੱਖ-ਇਤਿਹਾਸਾਂ ਦੇ ਫ਼ਲਸਫ਼ੇ ਦੀ ਰੌਸ਼ਨੀ